# ਬੱਚਿਆਂ ਅਤੇ ਅੱਲ੍ਹੜਾਂ ਲਈ *Guanfacine Extended-Release (ਗੁਏਨਫ਼ਾਸੀਨ ਐਕਸਟੈਂਡਿਡ ਰੀਲੀਜ਼)* (Intuniv XR®) *(ਇਨਿਟਊਨਿਵ ਐਕਸ.ਆਰ.)* ਦਾ ਇਸਤੇਮਾਲ ਕਰਨਾ



## ਸੰਖੇਪ ਵੇਰਵਾ

**Guanfacine (Intuniv XR®)** *(ਗੁਏਨਫ਼ਾਸੀਨ ਐਕਸਟੈਂਡਿਡ ਰੀਲੀਜ਼)* **(Intuniv XR®)***( ਇਨਿਟਊਨਿਵ ਐਕਸ.ਆਰ.)* ਦਵਾਈਆਂ ਦੇ ਉਸ ਸਮੂਹ ਨਾਲ ਸੰਬੰਧਿਤ ਹੈ ਜਿਨ੍ਹਾਂ ਨੂੰ "alpha$_2$-agonists" (ਐਲਫ਼ਾ$_2$-ਐਗੋਨਿਸਟਸ) ਕਿਹਾ ਜਾਂਦਾ ਹੈ। ਇਸ ਦੀ ਵਰਤੋਂ 6 - 17 ਸਾਲ ਦੀ ਉਮਰ ਦੇ ਬੱਚਿਆਂ ਵਿੱਚ ਅਟੈਨਸ਼ਨ ਡੈਫ਼ੀਸਿਟ/ ਹਾਈਪਰਐਕਟੀਵਿਟੀ ਡਿਸਆਰਡਰ (ਘੱਟ ਧਿਆਨ ਦੇਣ/ ਬਹੁਤ ਜ਼ਿਆਦਾ ਅਤੇ ਤੇਜ਼ ਕਾਰਜ ਕਰਨ ਸੰਬੰਧੀ ਵਿਗਾੜ) (ਏ.ਡੀ./ ਐੱਚ.ਡੀ.) ਦੇ ਇਲਾਜ ਲਈ ਹੈਲਥ ਕੈਨੇਡਾ ਵੱਲੋਂ ਪ੍ਰਵਾਨਿਤ ਹੈ।

## *Guanfacine* ਦੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ*?*

***Guanfacine*** ਨੂੰ ਏ.ਡੀ./ ਐੱਚ.ਡੀ. ਦੇ ਇਲਾਜ ਲਈ ਇਸਤੇਮਾਲ ਕੀਤਾ ਜਾਂਦਾ ਹੈ। ਜਦੋਂ guanfacine ਦੇ ਸੰਭਾਵੀ ਫ਼ਾਇਦੇ (ਉਦਾਹਰਣ, ਤੁਹਾਡੇ ਲੱਛਣਾਂ ਵਿੱਚ ਕਮੀ ਆਉਣੀ) ਇਸ ਦੇ ਸੰਭਾਵੀ ਖ਼ਤਰਿਆਂ (ਉਦਾਹਰਣ, ਮਾੜੇ ਪ੍ਰਭਾਵ) ਤੋਂ ਜ਼ਿਆਦਾ ਹੁੰਦੇ ਹਨ, ਉਦੋਂ ਕਈ ਡਾਕਟਰ ਹੇਠ ਲਿਖੀਆਂ ਅਲਾਮਤਾਂ ਦੇ ਇਲਾਜ ਲਈ ਇਸ ਨੂੰ "ਆਫ਼ ਲੇਬਲ" ਤੌਰ 'ਤੇ ਤਜਵੀਜ਼ ਕਰ ਸਕਦੇ ਹਨ:

- ਬੇਚੈਨੀ ਸੰਬੰਧੀ ਵਿਗਾੜ
- ਵਿਨਾਸ਼ਕਾਰੀ ਵਿਹਾਰ ਸੰਬੰਧੀ ਵਿਗਾੜ (ਜਿਸ ਵਿੱਚ ਹਮਲਾਵਰ ਹੋ ਜਾਣਾ ਵੀ ਸ਼ਾਮਲ ਹੈ)
- ਹਿਚੋਲੇ ਮਾਰਨ ਦਾ ਵਿਗਾੜ (ਜਿਵੇਂ ਮੋਢੇ ਚੜ੍ਹਾਉਣਾ, ਅੱਖਾਂ ਝਪਕਨੀਆਂ, ਸਿਰ ਮੋੜਣਾ, ਪੱਠਿਆਂ ਦਾ ਫੜਕਣਾ ਅਤੇ ਗਲਾ ਸਾਫ਼ ਕਰਨਾ)

ਤੁਹਾਡਾ ਡਾਕਟਰ ਕਿਸੇ ਹੋਰ ਕਾਰਨ ਕਰਕੇ ਵੀ ਇਹ ਦਵਾਈ ਇਸਤੇਮਾਲ ਕਰ ਰਿਹਾ ਹੋ ਸਕਦਾ ਹੈ। ਜੇ ਤੁਹਾਨੂੰ ਇਹ ਸਪਸ਼ਟ ਨਹੀਂ ਹੈ ਕਿ ਤੁਹਾਨੂੰ guanfacine ਕਿਉਂ ਲਿਖੀ ਗਈ ਹੈ, ਕਿਰਪਾ ਕਰਕੇ ਆਪਣੇ ਡਾਕਟਰ ਨੂੰ ਪੁੱਛ ਲਓ।



## *Guanfacine* ਕੰਮ ਕਿਵੇਂ ਕਰਦੀ ਹੈ?

Guanfacine ਦਿਮਾਗ਼ੀ ਰਸਾਇਣ (ਨਿਊਰੋਟ੍ਰਾਂਸਮਿਟਰ), ਜਿਸ ਨੂੰ ਨੇਰਪਾਈਨਫ੍ਰਿਨ ਕਹਿੰਦੇ ਹਨ, ਦੀ ਕਾਰਜਸ਼ੀਲਤਾ ਨੂੰ ਪ੍ਰਭਾਵਿਤ ਕਰ ਕੇ ਆਪਣਾ ਕੰਮ ਕਰਦੀ ਹੈ। ਨੇਰਪਾਈਨਫ੍ਰਿਨ ਸਧਾਰਣ ਤੌਰ 'ਤੇ ਸਰੀਰ ਵਿੱਚ ਬਲੱਡ ਪ੍ਰੈਸ਼ਰ, ਦਿਲ ਦੇ ਧੜਕਨ ਦੀ ਗਤੀ ਅਤੇ ਚਿੰਤਾ ਰੋਗ ਉੱਤੇ ਅਸਰ ਕਰਦਾ ਹੈ ਪਰ ਨਾਲ ਹੀ ਇਹ ਧਿਆਨ ਅਤੇ ਉੱਤੇਜਨਾ 'ਤੇ ਵੀ ਅਸਰ ਪਾਉਂਦਾ ਹੈ। ਇਹ ਦਵਾਈ ਦਿਮਾਗ ਦੇ ਕੁਝ ਹਿੱਸਿਆਂ ਨੂੰ ਸਥਿਰ ਕਰ ਕੇ ਉਨ੍ਹਾਂ ਨੂੰ "ਘੱਟ ਉਤਸ਼ਾਹਿਤ" ਕਰਦੀ ਹੈ। ਇੰਝ ਇਸ ਨਾਲ ਏ.ਡੀ./ ਐਚ.ਡੀ., ਚਿੰਤਾ ਰੋਗ, ਸੌਣ ਸੰਬੰਧੀ ਦਿੱਕਤਾਂ, ਨਿਕੋਟਿਨ ਦੀ ਘਾਟ ਅਤੇ ਹਿਚੋਲੇ ਮਾਰਨ ਸੰਬੰਧੀ ਵਿਗਾੜਾਂ ਵਿੱਚ ਸੁਧਾਰ ਹੁੰਦਾ ਹੈ।


©Feb 2016
Child & Adolescent Mental Health Programs,
BC Mental Health & Substance Use Services, 4500 Oak Street, Vancouver, B.C., Canada V6H 3N1

## ਬੱਚਿਆਂ ਅਤੇ ਅੱਲ੍ਹੜਾਂ ਵਿੱਚ *guanfacine* ਕਿੰਨੀ ਕੁ ਚੰਗੀ ਤਰ੍ਹਾਂ ਕੰਮ ਕਰਦੀ ਹੈ?

Guanfacine ਏ.ਡੀ./ ਐੱਚ.ਡੀ. ਦਾ ਇਲਾਜ ਨਹੀਂ ਕਰਦੀ। ਏ.ਡੀ./ ਐੱਚ.ਡੀ. ਦੇ ਲੱਛਣਾਂ ਵਿੱਚ ਦਰਮਿਆਨਾ ਜਿਹਾ ਸੁਧਾਰ ਕਰਨਾ ਇਸ ਦਵਾਈ ਦਾ ਉਦੇਸ਼ ਹੈ, ਜਿਵੇਂ ਕਿ, ਬਹੁਤ ਜ਼ਿਆਦਾ ਕਾਹਲ, ਤੇਜ਼ ਅਤੇ ਗੁੱਸੇ ਵਾਲਾ ਵਿਹਾਰ। ਮਾਯੂਸੀ ਨੂੰ ਵਧੇਰੇ ਕਾਰਗਰ ਢੰਗ ਨਾਲ ਸਹਿਣ ਕਰਨ ਵਿੱਚ ਵੀ ਇਹ ਮਦਦ ਕਰ ਸਕਦੀ ਹੈ। ਜਿਹੜੇ ਮਰੀਜ਼ਾਂ ਉੱਪਰ ਉਤੇਜਿਤ ਕਰਨ ਵਾਲੀਆਂ ਦਵਾਈਆਂ ਦਾ ਕੋਈ ਅਸਰ ਨਹੀਂ ਹੁੰਦਾ ਜਾਂ ਜਿਨ੍ਹਾਂ ਨੂੰ ਅਣਚਾਹੇ ਮਾੜੇ ਪ੍ਰਭਾਵ ਹੋ ਜਾਂਦੇ ਹਨ, ਉਨ੍ਹਾਂ ਮਰੀਜ਼ਾਂ ਵਾਸਤੇ Guanfacine ਇਲਾਜ ਦਾ ਇੱਕ ਮਹੱਤਵਪੂਰਣ ਵਿਕਲਪ ਹੈ।

ਬਹੁਤ ਜ਼ਿਆਦਾ ਕਾਹਲ, ਤੇਜ਼ ਜਾਂ ਗੁੱਸੇ ਵਾਲੇ ਵਿਹਾਰ ਦੀਆਂ ਸਮੱਸਿਆਵਾਂ ਵਾਲੇ ਮਰੀਜ਼ਾਂ ਲਈ Guanfacine ਖ਼ਾਸ ਤੌਰ ’ਤੇ ਮਦਦਗ਼ਾਰ ਹੋ ਸਕਦੀ ਹੈ। Guanfacine ਉਨ੍ਹਾਂ ਮਰੀਜ਼ਾਂ ਲਈ ਵੀ ਮਦਦਗ਼ਾਰ ਹੋ ਸਕਦੀ ਹੈ ਜਿਨ੍ਹਾਂ ਨੂੰ ਹਮਲਾਵਰ ਹੋਣ, ਲੜਾਈ-ਝਗੜਾ ਕਰਨ ਸੰਬੰਧੀ ਜਾਂ ਹਿਚੋਲੇ ਮਾਰਨ ਸੰਬੰਧੀ ਵਿਗਾੜ ਹੁੰਦੇ ਹਨ। ਇਨ੍ਹਾਂ ਆਲਮਤਾਂ ਦੇ ਇਲਾਜ ਲਈ Guanfacine ਨੂੰ ਇਕੱਲਿਆਂ ਜਾਂ ਹੋਰਨਾਂ ਉੱਤੇਜਕ ਦਵਾਈਆਂ ਦੇ ਨਾਲ ਲਿਆ ਜਾ ਸਕਦਾ ਹੈ। ਫ਼ਾਇਦਾ ਹੋਣ ਦੇ ਆਸਾਰ ਵਧਾਉਣ ਲਈ Guanfacine ਨੂੰ ਏ.ਡੀ./ ਐੱਚ.ਡੀ. ਦੇ ਸਮੁੱਚੇ ਇਲਾਜ ਪ੍ਰੋਗਰਾਮ ਦੇ ਹਿੱਸੇ ਵਜੋਂ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ ਜਿਸ ਵਿੱਚ ਕਾਊਂਸਲਿੰਗ ਅਤੇ ਹੋਰ ਥੈਰੇਪੀਆਂ ਸ਼ਾਮਲ ਹੋ ਸਕਦੀਆਂ ਹਨ (ਉਦਾਹਰਣ ਵਜੋਂ: ਚੰਗੇ ਵਿਹਾਰ ਲਈ ਇਨਾਮ ਦੇਣਾ, ਸਮੱਸਿਆਵਾਂ ਨੂੰ ਹੱਲ ਕਰਨ ਦੀਆਂ ਤਕਨੀਕਾਂ ਸਿਖਾਉਣੀਆਂ)।



## *Guanfacine* ਕਿਵੇਂ ਲਈ ਜਾਣੀ ਚਾਹੀਦੀ ਹੈ?

Guanfacine ਮੂੰਹ ਰਾਹੀਂ ਲਈਆਂ ਜਾਣ ਵਾਲੀਆਂ “ਐਕਸਟੈਂਡਿਡ ਰੀਲੀਜ਼” (ਹੌਲੀ-ਹੌਲੀ ਖੁਰਨ ਵਾਲੀਆਂ) ਗੋਲੀਆਂ ਦੇ ਰੂਪ ਵਿੱਚ ਉਪਲਬਧ ਹੈ। Guanfacine “ਐਕਸਟੈਂਡਿਡ ਰੀਲੀਜ਼” ਗੋਲੀਆਂ ਨੂੰ ਪੀਸੋ, ਚੱਬੋ ਜਾਂ ਤੋੜੋ ਨਾ ਕਿਉਂਕਿ ਇਸ ਨਾਲ ਦਵਾਈ ਦੇ ਘੁਲਣ ਦੀ ਰਫ਼ਤਾਰ ਵਧ ਸਕਦੀ ਹੈ ਜਿਸ ਕਾਰਨ ਚੱਕਰ ਆਉਣ ਜਾਂ ਸੁਸਤੀ ਪੈਣ ਜਿਹੇ ਮਾੜੇ ਪ੍ਰਭਾਵ ਹੋ ਸਕਦੇ ਹਨ। Guanfacine ਨੂੰ ਜ਼ਿਆਦਾ ਚਰਬੀ/ ਥਿੰਧੇ ਵਾਲੇ ਭੋਜਨ ਨਾਲ ਨਾ ਲਓ ਕਿਉਂਕਿ ਇਸ ਨਾਲ ਦਵਾਈ ਦੇ ਜਜ਼ਬ ਹੋਣ ਦੀ ਦਰ ਵਿੱਚ ਵਾਧਾ ਹੋ ਸਕਦਾ ਹੈ। ਤੁਹਾਡੇ ਸਰੀਰ ਦੇ ਭਾਰ ਅਤੇ ਇਸ ਦਵਾਈ ਵੱਲ ਤੁਹਾਡੇ ਪ੍ਰਤੀਕਰਮ ਅਨੁਸਾਰ ਤੁਹਾਡਾ ਡਾਕਟਰ ਇਹ ਨਿਰਧਾਰਣ ਕਰੇਗਾ ਕਿ ਤੁਹਾਨੂੰ ਕਿੰਨੀ ਦਵਾਈ ਲੈਣੀ ਚਾਹੀਦੀ ਹੈ।

ਸ਼ੁਰੂ ਵਿੱਚ ਤੁਹਾਡਾ ਡਾਕਟਰ guanfacine ਦੀ ਹਲਕੀ ਖ਼ੁਰਾਕ ਨਾਲ ਸ਼ੁਰੂਆਤ ਕਰੇਗਾ। ਜਦੋਂ ਤਕ ਦਵਾਈ ਦੀ ਮਾਤਰਾ ਲੋੜੀਂਦੀ ਖ਼ੁਰਾਕ ਦੇ ਬਰਾਬਰ ਨਹੀਂ ਹੋ ਜਾਂਦੀ ਜਾਂ ਜਦੋਂ ਤਕ ਮਾੜੇ ਪ੍ਰਭਾਵ ਨਹੀਂ ਹੁੰਦੇ, ਤੁਹਾਡਾ ਡਾਕਟਰ ਕੁਝ ਹਫ਼ਤਿਆਂ ਦੇ ਸਮੇਂ ਦੌਰਾਨ ਇਸ ਖ਼ੁਰਾਕ ਵਿੱਚ ਹੌਲੀ-ਹੌਲੀ ਵਾਧਾ ਕਰਦਾ ਰਹੇਗਾ। ਆਮ ਤੌਰ ’ਤੇ guanfacine ਦਿਨ ਵਿੱਚ ਇੱਕ ਵਾਰੀ ਲਈ ਜਾਂਦੀ ਹੈ ਅਤੇ ਇਸ ਦੇ ਅਸਰਦਾਇਕ ਹੋਣ ਲਈ ਇਸ ਨੂੰ ਬਾਕਾਇਦਾ ਹਰ ਰੋਜ਼ ਇੱਕੋ ਸਮੇਂ ’ਤੇ ਲਿਆ ਜਾਣਾ ਚਾਹੀਦਾ ਹੈ। Guanfacine ਨਾਲ ਚੱਲ ਰਹੇ ਇਲਾਜ ਨੂੰ ਅਚਾਨਕ ਬੰਦ ਨਹੀਂ ਕਰਨਾ ਚਾਹੀਦਾ ਕਿਉਂਕਿ ਇਸ ਨਾਲ ਬਲੱਡ ਪ੍ਰੈਸ਼ਰ ਵਿੱਚ ਅਣਚਾਹਿਆ ਤਤਕਾਲੀ ਵਾਧਾ ਹੋ ਸਕਦਾ ਹੈ।

## *Guanfacine* ਕਦੋਂ ਅਸਰ ਕਰਨਾ ਸ਼ੁਰੂ ਕਰੇਗੀ?

ਆਪਣੇ ਲੱਛਣਾਂ ਵਿੱਚ ਸੁਧਾਰ ਦੇਖਣ ਤੋਂ ਪਹਿਲਾਂ Guanfacine ਨੂੰ ਦੋ ਹਫ਼ਤਿਆਂ ਤਕ ਲੈਣ ਦੀ ਲੋੜ ਹੁੰਦੀ ਹੈ। ਇਸ ਦਵਾਈ ਦਾ ਪੂਰਾ ਫ਼ਾਇਦਾ ਦੇਖਣ ਲਈ ਕਈ ਹਫ਼ਤੇ ਲੱਗ ਸਕਦੇ ਹਨ। ਨੀਂਦ ਆਉਣੀ ਜਾਂ ਨਸ਼ੇ ਵਿੱਚ ਹੋਣ ਵਰਗੀ ਸਥਿਤੀ ਛੇਤੀ ਹੀ ਸਾਹਮਣੇ ਆ ਸਕਦੀ ਹੈ (ਦਵਾਈ ਦੀ ਪਹਿਲੀ ਖ਼ੁਰਾਕ ਤੋਂ ਬਾਅਦ ਹੀ)। ਜੇ ਕੁੱਝ ਸ਼ੁਰੂਆਤੀ ਹਫ਼ਤਿਆਂ ਵਿੱਚ ਕੋਈ ਸੁਧਾਰ ਨਾ ਹੋਵੇ ਤਾਂ ਜਦੋਂ ਤਕ ਤੁਹਾਡਾ ਡਾਕਟਰ ਨਾ ਆਖੇ, ਉਦੋਂ ਤਕ ਆਪਣੀ ਦਵਾਈ ਨਾ ਵਧਾਓ, ਨਾ ਘਟਾਓ ਅਤੇ ਨਾ ਹੀ ਇਸ ਨੂੰ ਲੈਣਾ ਬੰਦ ਕਰੋ। ਦਵਾਈ ਦਾ ਦੇਰ ਬਾਅਦ ਅਸਰ ਹੋਣਾ ਸਧਾਰਨ ਗੱਲ ਹੈ।

Guanfacine ਜਿਹੀਆਂ ਦਵਾਈਆਂ ਹਰ ਇੱਕ ਲਈ ਅਸਰਦਾਰ ਨਹੀਂ ਹੁੰਦੀਆਂ। ਜੇਕਰ ਕੁਝ ਹਫ਼ਤਿਆਂ ਦੇ ਅੰਦਰ-ਅੰਦਰ ਤੁਸੀਂ ਬਿਹਤਰ ਮਹਿਸੂਸ ਨਾ ਕਰੋ ਤਾਂ ਤੁਹਾਡਾ ਡਾਕਟਰ ਤੁਹਾਨੂੰ ਕੋਈ ਹੋਰ ਦਵਾਈ ਲੈਣ ਲਈ ਕਹਿ ਸਕਦਾ ਹੈ।


©Feb 2016



## ਮੈਨੂੰ *guanfacine* ਕਿੰਨੀ ਦੇਰ ਤਕ ਲੈਣੀ ਪਵੇਗੀ?

ਇਹ ਇਸ ਗੱਲ ਉੱਪਰ ਨਿਰਭਰ ਕਰਦਾ ਹੈ ਕਿ ਤੁਹਾਡੇ ਲੱਛਣ ਕਿਹੋ ਜਿਹੇ ਹਨ, ਉਹ ਕਿੰਨੀ-ਕਿੰਨੀ ਦੇਰ ਬਾਅਦ ਉੱਭਰਦੇ ਹਨ ਅਤੇ ਤੁਸੀਂ ਕਿੰਨੇ ਚਿਰ ਤੋਂ ਉਨ੍ਹਾਂ ਲੱਛਣਾਂ ਦਾ ਸਾਹਮਣਾ ਕਰ ਰਹੇ ਹੋ। ਵੱਖ-ਵੱਖ ਲੋਕ guanfacine ਨੂੰ ਵੱਖ-ਵੱਖ ਅਰਸੇ ਤਕ ਲੈਂਦੇ ਹਨ। ਸਮੇਂ ਸਮੇਂ 'ਤੇ ਇਹ ਗੱਲ ਮੁੜ-ਮੁੜ ਵਿਚਾਰੀ ਜਾਣੀ ਚਾਹੀਦੀ ਹੈ ਕਿ ਕੀ ਤੁਹਾਨੂੰ ਇਸ ਦਵਾਈ ਦੀ ਲੋੜ ਹੈ ਜਾਂ ਨਹੀਂ। ਕਈ ਲੋਕਾਂ ਨੂੰ ਇਸ ਦਵਾਈ ਦੀ ਲੋੜ ਆਪਣੇ ਜੀਵਨ ਦੇ ਕਿਸੇ ਖਾਸ ਸਮੇਂ 'ਤੇ ਹੀ ਹੁੰਦੀ ਹੈ, ਜਿਵੇਂ ਜਦੋਂ ਉਹ ਸਕੂਲ ਜਾ ਰਹੇ ਹੋਣ, ਜਦੋਂ ਕਿ ਕਈ ਲੋਕਾਂ ਨੂੰ ਇਸ ਦਵਾਈ ਦਾ ਫ਼ਾਇਦਾ ਕਈ ਸਾਲਾਂ ਤਕ ਹੁੰਦਾ ਰਹਿੰਦਾ ਹੈ।

ਜਦੋਂ ਤੁਸੀਂ ਇਸ ਦਵਾਈ ਨੂੰ ਬਾਕਾਇਦਾ ਤੌਰ 'ਤੇ ਲੈਂਦੇ ਹੋ ਤਾਂ guanfacine ਨੂੰ ਇੱਕਦਮ ਬੰਦ ਕਰ ਦੇਣਾ ਖ਼ਤਰਨਾਕ ਹੋ ਸਕਦਾ ਹੈ। ਜੇ ਤੁਸੀਂ ਅਤੇ ਤੁਹਾਡਾ ਡਾਕਟਰ guanfacine ਨੂੰ ਬੰਦ ਕਰਨ ਦਾ ਫ਼ੈਸਲਾ ਕਰਦੇ ਹੋ ਤਾਂ ਤੁਹਾਡਾ ਡਾਕਟਰ ਤੁਹਾਨੂੰ ਵਿਸਥਾਰ ਸਹਿਤ ਦੱਸੇਗਾ ਕਿ ਦਵਾਈ ਦੀ ਖ਼ੁਰਾਕ ਹੌਲੀ-ਹੌਲੀ ਕਿਵੇਂ ਘੱਟ ਕਰਨੀ ਹੈ ਤਾਂ ਕਿ ਜਦੋਂ ਤੁਹਾਡਾ ਸਰੀਰ ਇਸ ਦਵਾਈ ਤੋਂ ਬਗ਼ੈਰ ਰਹਿਣ ਲਈ ਆਪਣੇ ਆਪ ਨੂੰ ਢਾਲ ਰਿਹਾ ਹੋਵੇ, ਉਦੋਂ ਬਲੱਡ ਪ੍ਰੈਸ਼ਰ ਵਿੱਚ ਤਤਕਾਲੀ ਵਾਧਾ ਅਤੇ ਹੋਰ ਅਣਚਾਹੇ ਅਸਰ ਰੋਕੇ ਜਾ ਸਕਣ। ਆਪਣੇ ਡਾਕਟਰ ਨਾਲ ਪਹਿਲਾਂ ਗੱਲਬਾਤ ਕੀਤੇ ਬਗ਼ੈਰ ਇਸ ਦਵਾਈ ਨੂੰ ਲੈਣਾ ਅਚਾਨਕ ਬੰਦ ਨਾ ਕਰੋ।

## ਕੀ *guanfacine* ਦਾ ਅਮਲ ਲੱਗ ਸਕਦਾ ਹੈ?

ਨਹੀਂ, guanfacine ਦਾ ਅਮਲ ਨਹੀਂ ਲੱਗਦਾ ਅਤੇ ਤੁਹਾਨੂੰ ਇਹ ਦਵਾਈ ਲੈਣ ਦੀ "ਤਲਬ" ਨਹੀਂ ਹੋਵੇਗੀ, ਜਿਵੇਂ ਕਿ ਕਈ ਲੋਕਾਂ ਨੂੰ ਨਿਕੋਟਿਨ ਜਾਂ ਹੋਰ ਨਸ਼ੀਲੇ ਪਦਾਰਥਾਂ ਦੀ ਤਲਬ ਹੋ ਸਕਦੀ ਹੈ। ਆਮ ਤੌਰ 'ਤੇ, ਏ.ਡੀ./ ਐੱਚ.ਡੀ. ਨਾਲ ਪੀੜਤ ਲੋਕਾਂ ਵੱਲੋਂ ਲੰਮੇ ਸਮੇਂ ਦੌਰਾਨ ਇਸ ਦਵਾਈ ਦੀ ਦੁਰਵਰਤੋਂ ਦਾ ਖ਼ਤਰਾ ਹੋ ਸਕਦਾ ਹੈ। ਏ.ਡੀ./ ਐੱਚ.ਡੀ. ਦੇ ਇਲਾਜ ਲਈ ਜਿਹੜੇ ਲੋਕ ਦਵਾਈ ਨਹੀਂ ਲੈਂਦੇ, ਉਨ੍ਹਾਂ ਦੇ ਮੁਕਾਬਲੇ ਉਹ ਮਰੀਜ਼ ਇਸ ਦਵਾਈ ਦੀ ਘੱਟ ਦੁਰਵਰਤੋਂ ਕਰਨਗੇ ਜਿਨ੍ਹਾਂ ਦੇ ਏ.ਡੀ./ ਐੱਚ.ਡੀ. ਦਾ ਇਲਾਜ ਅਸਰਦਾਇਕ ਢੰਗ ਨਾਲ ਕੀਤਾ ਜਾਵੇਗਾ।

## *Guanfacine* ਦੇ ਮਾੜੇ ਪ੍ਰਭਾਵ ਕੀ ਹਨ ਅਤੇ ਜੇ ਮੈਨੂੰ ਇਹ ਮਾੜੇ ਪ੍ਰਭਾਵ ਹੋ ਜਾਣ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਬਹੁਤੀਆਂ ਹੋਰਨਾ ਦਵਾਈਆਂ ਵਾਂਗ, guanfacine ਲੈਂਦੇ ਹੋਏ ਮਾੜੇ ਪ੍ਰਭਾਵ ਹੋ ਸਕਦੇ ਹਨ। ਪਰ ਬਹੁਤੇ ਮਾੜੇ ਪ੍ਰਭਾਵ ਮਾਮੂਲੀ ਅਤੇ ਥੋੜ੍ਹੇ ਸਮੇਂ ਲਈ ਹੁੰਦੇ ਹਨ। ਕਈ ਵਾਰ ਕਿਸੇ ਵੀ ਫ਼ਾਇਦੇਮੰਦ ਪ੍ਰਭਾਵ ਤੋਂ ਪਹਿਲਾਂ ਮਾੜੇ ਪ੍ਰਭਾਵ ਹੋ ਸਕਦੇ ਹਨ। ਕੁਝ ਵਿਅਕਤੀਆਂ ਨੂੰ ਅਜਿਹੇ ਮਾੜੇ ਪ੍ਰਭਾਵਾਂ ਦਾ ਅਨੁਭਵ ਹੋਣ ਦੀ ਸੰਭਾਵਨਾ ਵੀ ਹੁੰਦੀ ਹੈ ਜਿਹੜੇ ਉਨ੍ਹਾਂ ਨੂੰ ਗੰਭੀਰ ਜਾਂ ਲੰਮੇ ਸਮੇਂ ਤਕ ਚੱਲਣ ਵਾਲੇ ਮਹਿਸੂਸ ਹੋ ਸਕਦੇ ਹਨ। ਜੇ ਅਜਿਹਾ ਹੁੰਦਾ ਹੈ ਤਾਂ ਇਨ੍ਹਾਂ ਨਾਲ ਨਜਿੱਠਣ ਸੰਬੰਧੀ ਤਰੀਕਿਆਂ ਬਾਰੇ ਤੁਰੰਤ ਆਪਣੇ ਡਾਕਟਰ ਨਾਲ ਗੱਲਬਾਤ ਕਰੋ। ਇਸ ਦਵਾਈ ਨੂੰ ਲੈਣ ਦੇ ਕੁਝ ਆਮ ਮਾੜੇ ਪ੍ਰਭਾਵ ਅਗਲੇ ਪੰਨੇ ਉੱਤੇ ਦਰਸਾਏ ਗਏ ਹਨ। ਬ੍ਰੈਕਟਾਂ ਵਿੱਚ ਇਨ੍ਹਾਂ ਪ੍ਰਭਾਵਾਂ ਨੂੰ ਘਟਾਉਣ ਦੇ ਤਰੀਕੇ ਸੁਝਾਏ ਗਏ ਹਨ।

### ਆਮ ਮਾੜੇ ਪ੍ਰਭਾਵ

ਜੇ ਇਨ੍ਹਾਂ ਵਿੱਚੋਂ ਕੋਈ ਵੀ ਮਾੜਾ ਪ੍ਰਭਾਵ ਤੁਹਾਡੇ ਲਈ ਬਹੁਤ ਜ਼ਿਆਦਾ ਪਰੇਸ਼ਾਨੀ ਖੜ੍ਹੀ ਕਰਦਾ ਹੈ ਜਾਂ ਆਮ ਤੌਰ 'ਤੇ ਤੁਹਾਨੂੰ ਹੋਣ ਵਾਲੇ ਮਾੜੇ ਪ੍ਰਭਾਵਾਂ ਤੋਂ ਵੱਖਰਾ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ, ਨਰਸ ਜਾਂ ਫ਼ਾਰਮਾਸਿਸਟ ਨਾਲ ਗੱਲਬਾਤ ਕਰੋ।

- ਕਬਜ਼ *(ਕਸਰਤ, ਤਰਲ ਪਦਾਰਥਾਂ, ਸਬਜ਼ੀਆਂ, ਫਲਾਂ ਅਤੇ ਫਾਇਬਰ ਦੀ ਮਾਤਰਾ ਵਧਾਉਣ ਦੀ ਕੋਸ਼ਿਸ਼ ਕਰੋ)*
- ਚੱਕਰ ਆਉਣੇ, ਸਿਰ ਹੌਲਾ ਹੋਣਾ ਜਾਂ ਘੱਟ ਬਲੱਡ ਪ੍ਰੈਸ਼ਰ *(ਬੈਠਣ ਜਾਂ ਲੇਟਣ ਤੋਂ ਬਾਅਦ ਬਹੁਤ ਹੌਲੀ ਉੱਠਣ ਦੀ ਕੋਸ਼ਿਸ਼ ਕਰੋ, ਜੇ ਇਹ ਜ਼ਿਆਦਾ ਗੰਭੀਰ ਹੋ ਜਾਵੇ (ਜਿਵੇਂ ਡਿੱਗ ਪੈਣਾ, ਬੇਹੋਸ਼ ਹੋ ਜਾਣਾ) ਤਾਂ ਤੁਰੰਤ ਡਾਕਟਰੀ ਮਦਦ ਲਓ)*
- ਨੀਂਦ ਆਉਣੀ ਜਾਂ ਥਕਾਵਟ ਹੋਣੀ *(ਦਵਾਈ ਨੂੰ ਸੌਣ ਵੇਲੇ ਲੈਣ ਦੀ ਕੋਸ਼ਿਸ਼ ਕਰੋ। ਉਸ ਸਮੇਂ ਤੱਕ ਗੱਡੀ ਜਾਂ ਕੋਈ ਮਸ਼ੀਨ ਨਾ ਚਲਾਓ ਜਦੋਂ ਤੱਕ ਤੁਹਾਨੂੰ ਇਹ ਪਤਾ ਨਾ ਲੱਗੇ ਕਿ ਇਹ ਦਵਾਈ ਤੁਹਾਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ। ਜੇ* guanfacine *ਦੀ ਖ਼ੁਰਾਕ ਕਾਰਨ ਤੁਹਾਨੂੰ ਦਿਨ ਵਿੱਚ ਨੀਂਦ ਲਿਆਉਂਦੀ ਹੈ ਤਾਂ ਆਪਣੇ ਡਾਕਟਰ ਨਾਲ ਗੱਲ ਕਰੋ।)*
- ਅੱਖਾਂ ਖੁਸ਼ਕ ਹੋਣੀਆਂ *(ਬਣਾਉਟੀ ਅੱਥਰੂਆਂ ਵਾਲੀ ਅੱਖਾਂ ਦੀ ਦਵਾਈ ਆਜ਼ਮਾਓ)*
- ਮੂੰਹ ਖੁਸ਼ਕ ਹੋਣਾ *(ਖੰਡ ਰਹਿਤ ਚਿਊਇੰਗ ਗਮ ਜਾਂ ਖੰਡ ਰਹਿਤ ਟੌਫੀਆਂ, ਬਰਫ਼ ਦੀਆਂ ਟੁਕੜੀਆਂ ਜਾਂ ਕੁਲਫੀਆਂ ਖਾਣ ਦੀ ਕੋਸ਼ਿਸ਼ ਕਰੋ)*
- ਸਿਰ ਦਰਦ *(ਦਰਦ ਨਿਵਾਰਕ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰੋ, ਜਿਵੇਂ ਕਿ ਅਸੀਟਾਮਿਨਾਫ਼ਿਨ (Tylenol® - ਟਾਇਲਾਨੋਲ) ਜੇ ਸਿਰ ਦਰਦ ਅਚਾਨਕ ਉੱਠੇ ਅਤੇ ਬਹੁਤ ਜ਼ਿਆਦਾ ਹੋਵੇ ਤਾਂ ਤੁਰੰਤ ਐਮਰਜੰਸੀ ਮਦਦ ਲਓ)*
- ਪੇਟ ਖ਼ਰਾਬ ਹੋਣਾ, ਜੀਅ ਕੱਚਾ ਹੋਣਾ, ਉਲਟੀਆਂ ਆਉਣੀਆਂ *(ਦਵਾਈ ਨੂੰ ਘੱਟ ਚਰਬੀ/ ਥਿੰਧੇ ਵਾਲੀ ਸਨੈਕ ਜਾਂ ਭੋਜਨ ਨਾਲ ਲੈਣ ਦੀ ਕੋਸ਼ਿਸ਼ ਕਰੋ)*


©Feb 2016
Child & Adolescent Mental Health Programs,
BC Mental Health & Substance Use Services, 4500 Oak Street, Vancouver, B.C., Canada V6H 3N1

## <u>ਸੰਭਾਵੀ ਤੌਰ 'ਤੇ ਗੰਭੀਰ ਪਰ ਅਸਾਧਾਰਨ ਮਾੜੇ ਪ੍ਰਭਾਵ</u> (ਭਾਵ ਕਿ ਜਿਹੜੇ 5% ਤੋਂ ਵੀ ਘੱਟ ਮਰੀਜ਼ਾਂ ਨੂੰ ਹੁੰਦੇ ਹਨ)

ਕਿਸੇ ਵੀ ਦਵਾਈ ਨੂੰ ਲੈਣ ਦੇ ਖ਼ਤਰੇ ਹੋ ਸਕਦੇ ਹਨ। Guanfacine ਦੇ ਸੰਭਾਵੀ ਤੌਰ 'ਤੇ ਗੰਭੀਰ ਪ੍ਰਭਾਵਾਂ ਬਾਰੇ ਆਪਣੇ ਡਾਕਟਰ ਨਾਲ ਗੱਲਬਾਤ ਕਰਨੀ ਯਕੀਨੀ ਬਣਾਓ।

ਜੇ ਤੁਹਾਨੂੰ ਇਨ੍ਹਾਂ ਸੰਭਾਵੀ ਗੰਭੀਰ ਮਾੜੇ ਪ੍ਰਭਾਵਾਂ ਵਿੱਚੋਂ ਕੋਈ ਵੀ ਮਹਿਸੂਸ ਹੁੰਦਾ ਹੈ ਤਾਂ <u>ਤੁਰੰਤ</u> ਆਪਣੇ ਡਾਕਟਰ ਨਾਲ ਸੰਪਰਕ ਕਰੋ:

- ਐਲਰਜਿਕ ਰੀਐਕਸ਼ਨ: ਚਮੜੀ ਉੱਤੇ ਧੱਫੜ ਜਿਨ੍ਹਾਂ ਨਾਲ ਸੋਜ਼ਿਸ਼ ਅਤੇ ਖਾਰਿਸ਼ ਜਾਂ ਸਾਂਹ ਲੈਣ ਵਿੱਚ ਦਿੱਕਤ ਹੋਣੀ *(ਐਮਰਜੰਸੀ ਮਦਦ ਤੁਰੰਤ ਲਓ)*
- ਹੋਰ ਗੰਭੀਰ ਹੋਇਆ ਡਿਪਰੈਸ਼ਨ (ਲੰਮੀ ਦੇਰ ਤੋਂ ਉਦਾਸੀ) ਜਾਂ ਮੂਡ ਵਿੱਚ ਕੋਈ ਹੋਰ ਅੱਗੇ ਕਦੀ ਨਾ ਦੇਖੀ ਗਈ ਤਬਦੀਲੀ *(ਆਪਣੇ ਡਾਕਟਰ ਨਾਲ ਗੱਲਬਾਤ ਕਰੋ)*
- ਦਿਲ ਦੀ ਤੇਜ਼ ਜਾਂ ਹੌਲੀ ਹੋਈ ਧੜਕਨ, ਦਿਲ ਦੀ ਬੇਤਰਤੀਬੀ ਧੜਕਨ *(ਆਪਣੇ ਡਾਕਟਰ ਨਾਲ ਗੱਲ ਕਰੋ)*
- ਜ਼ਿਆਦਾ ਘਬਰਾਹਟ, ਬੇਅਰਾਮੀ ਜਾਂ ਚਿੜ੍ਹਚਿੜ੍ਹਾਪਣ
- ਮਿਰਗੀ ਜਾਂ ਦੌਰੇ ਪੈਣੇ *(ਐਮਰਜੰਸੀ ਮਦਦ ਤੁਰੰਤ ਲਓ)*
- ਆਤਮ-ਹਾਨੀ, ਵੈਰ ਭਾਵ ਜਾਂ ਆਤਮ-ਘਾਤ ਦੇ ਵਿਚਾਰ *(ਆਪਣੇ ਡਾਕਟਰ ਨਾਲ ਗੱਲ ਕਰੋ)*
- ਅਚਾਨਕ ਬਲੱਡ ਪ੍ਰੈਸ਼ਰ ਵਧ ਜਾਣਾ, ਦਿਲ ਦੀ ਧੜਕਨ ਤੇਜ਼ ਹੋ ਜਾਣੀ, ਗੁੱਸਾ ਆਉਣਾ, ਸਿਰ ਦਰਦ, ਪੇਟ ਖ਼ਰਾਬ ਹੋਣਾ, ਪਸੀਨਾ ਆਉਣਾ, ਜੀਅ ਕੱਚਾ ਹੋਣਾ ਜਾਂ ਉਲਟੀਆਂ ਆਉਣੀਆਂ *(Guanfacine ਟ੍ਰੀਟਮੈਂਟ ਨੂੰ ਇੱਕਦਮ ਬੰਦ ਕਰ ਦੇਣ ਨਾਲ ਅਜਿਹਾ ਹੋ ਸਕਦਾ ਹੈ। ਜੇ ਅਜਿਹੇ ਅਸਰ ਹੁੰਦੇ ਹਨ ਤਾਂ ਐਮਰਜੰਸੀ ਮਦਦ ਤੁਰੰਤ ਲਓ)*

## *Guanfacine* ਲੈਂਦੇ ਸਮੇਂ ਮੈਨੂੰ ਅਤੇ ਮੇਰੇ ਡਾਕਟਰ ਨੂੰ ਕਿਹੜੀਆਂ ਸਾਵਧਾਨੀਆਂ ਬਾਰੇ ਸਚੇਤ ਹੋਣਾ ਚਾਹੀਦਾ ਹੈ?

ਕਈ ਦਵਾਈਆਂ guanfacine ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਇਨ੍ਹਾਂ ਦਵਾਈਆਂ ਵਿੱਚ ਸ਼ਾਮਲ ਹਨ ਵੱਧ ਬਲੱਡ ਪ੍ਰੈਸ਼ਰ ਦੀਆਂ ਦਵਾਈਆਂ; ਖੰਘ ਅਤੇ ਜ਼ੁਖ਼ਾਮ ਦੀਆਂ ਕੁੱਝ ਦਵਾਈਆਂ, ਐਂਟੀ ਹਿਸਟਾਮਾਈਨ (ਐਲਰਜੀ ਜਾਂ ਸੱਟ ਤੋਂ ਦਿੱਤੀ ਜਾਣ ਵਾਲੀ ਦਵਾਈ) ਜਿਵੇਂ ਡਾਇਫਨਹਾਈਡ੍ਰਾਮਾਈਨ (Benadryl® - ਬੈਨਾਡ੍ਰਿਲ); ਐਨਜ਼ਾਇਮ ਮੈਟਾਬਾਲਿਜ਼ਮ ਨੂੰ ਪ੍ਰਭਾਵਿਤ ਕਰਨ ਵਾਲੀਆਂ ਦਵਾਈਆਂ ਜਿਵੇਂ ਕਿ ਕੈਟੋਕੋਨਾਜ਼ੋਲ (Nizoral® - ਨਿਜ਼ੋਰੈਲ) ਜਾਂ ਰੀਫ਼ੈਮਪਿਨ (Rifadin® - ਰੀਫ਼ਾਡਿਨ) ਅਤੇ ਕੁੱਝ ਹੋਰ ਦਵਾਈਆਂ ਜਿਵੇਂ ਕਿ ਨੀਂਦ ਸੰਬੰਧੀ ਸਮੱਸਿਆਵਾਂ, ਚਿੰਤਾ ਰੋਗ, ਮਿਰਗੀ ਜਾਂ ਮਾਨਸਿਕ ਰੋਗਾਂ ਲਈ ਵਰਤੀਆਂ ਜਾਣ ਵਾਲੀਆਂ ਦਵਾਈਆਂ। ਜੇ ਤੁਸੀਂ, ਸੇਂਟ ਜੌਨਜ਼ ਵਾਰਟ ਸਮੇਤ, ਡਾਕਟਰ ਦੀ ਤਜਵੀਜ਼ 'ਤੇ ਮਿਲਣ ਵਾਲੀ ਜਾਂ ਕਾਊਂਟਰ ਤੋਂ ਮਿਲਣ ਵਾਲੀ ਕੋਈ ਹੋਰ ਦਵਾਈ ਲੈ ਰਹੇ ਹੋ (ਜਾਂ ਲੈਣੀ ਸ਼ੁਰੂ ਕਰ ਰਹੇ ਹੋ) ਤਾਂ ਆਪਣੇ ਡਾਕਟਰ ਜਾਂ ਫਾਰਮਾਸਿਸਟ ਨਾਲ ਗੱਲ ਕਰਕੇ ਇਹ ਯਕੀਨੀ ਬਣਾਓ ਕਿ ਕੀ ਇਨ੍ਹਾਂ ਦਵਾਈਆਂ ਦੀ ਵਰਤੋਂ ਕਰਨੀ ਸੁਰੱਖਿਅਤ ਹੈ। ਜੇ ਤੁਸੀਂ ਅਜਿਹੀਆਂ ਦਵਾਈਆਂ ਲੈ ਰਹੇ ਹੋ ਜਿਹੜੀਆਂ guanfacine ਨੂੰ ਪ੍ਰਭਾਵਿਤ ਕਰਦੀਆਂ ਹਨ ਤਾਂ ਡਾਕਟਰ ਤੁਹਾਡੀਆਂ ਦਵਾਈਆਂ ਦੀਆਂ ਖ਼ੁਰਾਕਾਂ ਬਦਲ ਸਕਦਾ ਹੈ ਜਾਂ ਤੁਹਾਨੂੰ ਆਪਣੀ ਦੇਖਰੇਖ ਵਿੱਚ ਰੱਖ ਕੇ ਬਹੁਤ ਧਿਆਨ ਨਾਲ ਮਾੜੇ ਪ੍ਰਭਾਵਾਂ ਦੀ ਨਿਗਰਾਨੀ ਕਰ ਸਕਦਾ ਹੈ।

ਆਪਣੇ ਡਾਕਟਰ ਜਾਂ ਫ਼ਾਰਮਾਸਿਸਟ ਨੂੰ ਦੱਸਣਾ ਮਹੱਤਵਪੂਰਨ ਹੈ, ਜੇ:

- ਤੁਹਾਨੂੰ ਐਲਰਜੀਆਂ ਹਨ ਜਾਂ ਤੁਸੀਂ ਕਿਸੇ ਦਵਾਈ ਕਾਰਨ ਰੀਐਕਸ਼ਨ ਦਾ ਅਨੁਭਵ ਕੀਤਾ ਹੈ
- ਤੁਹਾਨੂੰ ਸ਼ੂਗਰ (ਡਾਇਬੀਟੀਜ਼) ਹੈ
- ਤੁਹਾਨੂੰ ਗੁਰਦਿਆਂ ਸੰਬੰਧੀ ਬਿਮਾਰੀ ਹੈ
- ਤੁਹਾਨੂੰ ਦਿਲ ਦੀ ਬਿਮਾਰੀ ਹੈ ਜਾਂ ਤੁਹਾਡੇ ਪਰਿਵਾਰ ਵਿੱਚ ਘੱਟ ਉਮਰ ਵਿੱਚ ਦਿਲ ਦੀ ਬਿਮਾਰੀ ਜਾਂ ਅਚਾਨਕ ਮੌਤ ਹੋਣ ਦਾ ਪਿਛੋਕੜ ਹੈ
- ਤੁਹਾਨੂੰ ਮਾਨਸਿਕ ਰੋਗ ਜਿਵੇਂ ਡਿਪਰੈਸ਼ਨ, ਸਕਿਜ਼ੋਫ੍ਰੇਨੀਆ ਜਾਂ ਬਾਈ-ਪੋਲਰ (ਦੋ ਧਰੁਵੀ) ਵਿਗਾੜ ਹਨ
- ਤੁਹਾਨੂੰ ਰੇਨੋਡ ਬਿਮਾਰੀ ਹੈ (ਖ਼ੂਨ ਦੇ ਸਰਕੂਲੇਸ਼ਨ ਦਾ ਵਿਗਾੜ ਜਿਸ ਨਾਲ ਹੱਥਾਂ, ਪੈਰਾਂ ਦੀਆਂ ਉਂਗਲਾਂ ਜਾਂ ਕਿਸੇ ਹੋਰ ਹਿੱਸੇ ਦਾ ਬਦਰੰਗ ਹੋ ਜਾਣਾ)
- ਤੁਹਾਡੇ ਮਿਜ਼ਾਜ ਜਾਂ ਆਤਮ-ਹਾਨੀ ਦੇ ਵਿਚਾਰਾਂ ਵਿੱਚ ਕੋਈ ਤਬਦੀਲੀ ਹੁੰਦੀ ਹੈ।
- ਤੁਹਾਡੀ ਮਾਂਹਵਾਰੀ ਨਹੀਂ ਆਉਂਦੀ, ਤੁਸੀਂ ਗਰਭਵਤੀ ਹੋ (ਜਾਂ ਗਰਭ ਧਾਰਨ ਕਰਨ ਦੀ ਯੋਜਨਾ ਬਣਾ ਰਹੇ ਹੋ) ਜਾਂ ਤੁਸੀਂ ਬੱਚੇ ਨੂੰ ਆਪਣਾ ਦੁੱਧ ਚੁੰਘਾ ਰਹੇ ਹੋ। ਜੇ guanfacine ਲੈਣ ਦੇ ਦੌਰਾਨ ਤੁਸੀਂ ਗਰਭ ਧਾਰਨ ਕਰ ਲੈਂਦੇ ਹੋ ਤਾਂ ਆਪਣੇ ਡਾਕਟਰ ਨੂੰ ਦੱਸੋ।
- ਮੌਜੂਦਾ ਸਮੇਂ ਤੁਸੀਂ ਸ਼ਰਾਬ ਪੀਂਦੇ ਹੋ ਜਾਂ ਕੋਈ ਨਸ਼ਾ ਕਰਦੇ ਹੋ (ਇਹ ਵਸਤਾਂ guanfacine ਦੇ ਅਸਰ ਨੂੰ ਘਟਾ ਸਕਦੀਆਂ ਹਨ ਅਤੇ/ ਜਾਂ ਇਨ੍ਹਾਂ ਕਾਰਨ ਤੁਹਾਨੂੰ ਥਕਾਵਟ ਅਤੇ ਨੀਂਦ ਆਉਣ ਦਾ ਅਹਿਸਾਸ ਹੁੰਦਾ ਹੈ)


©Feb 2016
Child & Adolescent Mental Health Programs,
BC Mental Health & Substance Use Services, 4500 Oak Street, Vancouver, B.C., Canada V6H 3N1

## Guanfacine ਲੈਂਦੇ ਹੋਏ ਮੈਨੂੰ ਕਿਹੜੀਆਂ ਵਿਸ਼ੇਸ਼ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ?

- ਆਪਣੇ ਡਾਕਟਰ ਅਤੇ ਲੈਬੋਰੇਟਰੀ ਦੀਆਂ ਸਾਰੀਆਂ ਅਪੌਇੰਟਮੈਂਟਾਂ ਲਈ ਜਾਓ। ਇਹ ਦੇਖਣ ਲਈ ਕਿ ਤੁਸੀਂ guanfacine ਨਾਲ ਕਿਵੇਂ ਅਤੇ ਕਿੰਨਾ ਠੀਕ ਹੋ ਰਹੇ ਹੋ ਅਤੇ ਇਸ ਦੇ ਮਾੜੇ ਪ੍ਰਭਾਂਵਾਂ 'ਤੇ ਨਜ਼ਰ ਰੱਖਣ ਲਈ ਤੁਹਾਡਾ ਡਾਕਟਰ ਕੁੱਝ ਖ਼ਾਸ ਜਾਣਕਾਰੀ ਅਤੇ ਟੈਸਟਾਂ ਲਈ ਕਹਿ ਸਕਦਾ ਹੈ (ਉਦਾਹਰਣ ਲਈ: ਅਧਿਆਪਕਾਂ ਤੋਂ ਰਿਪੋਰਟ, ਏ.ਡੀ./ ਐੱਚ.ਡੀ. ਦਾ ਪੱਧਰ, ਦਿਲ ਦੀ ਧੜਕਨ ਦੀ ਦਰ, ਬਲੱਡ ਪ੍ਰੈਸ਼ਰ)
- ਗ੍ਰੇਪਫ਼ਰੂਟ (ਚਕੋਤਰਾ ਅਤੇ ਹੋਰ ਸੰਬੰਧਤ ਨਿੰਬੂ ਵੰਸ਼ੀ ਫਲ) guanfacine ਦੀ ਜਜ਼ਬ ਹੋਣ ਵਾਲੀ ਮਿਕਦਾਰ ਨੂੰ ਵਧਾ ਸਕਦੇ ਹਨ। ਆਪਣੇ ਡਾਕਟਰ ਨਾਲ ਗੱਲਬਾਤ ਕਰੋ ਕਿ ਕੀ ਇਸ ਦਵਾਈ ਨੂੰ ਲੈਂਦੇ ਹੋਏ ਇਹ ਫਲ ਖਾਣੇ ਸੁਰੱਖਿਅਤ ਹਨ।
- ਕਿਸੇ ਹੋਰ ਨੂੰ ਆਪਣੀ ਦਵਾਈ ਲੈਣ ਦੀ ਇਜਾਜ਼ਤ ਨਾ ਦਿਓ।

## ਜੇ ਮੈਂ *guanfacine* ਦੀ ਖ਼ੁਰਾਕ ਲੈਣੀ ਭੁੱਲ ਜਾਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ guanfacine ਲੈਣੀ ਭੁੱਲ ਜਾਓ ਅਤੇ ਜੇ ਤੁਹਾਡੀ ਤੈਅ ਕੀਤੀ ਖ਼ੁਰਾਕ ਦੇ ਸਮੇਂ ਤੋਂ ਬਾਅਦ ਅਜੇ 4 ਘੰਟੇ ਨਹੀਂ ਬੀਤੇ ਹਨ ਤਾਂ ਜਿਉਂ ਹੀ ਤੁਹਾਨੂੰ ਯਾਦ ਆਵੇ, ਉਦੋਂ ਹੀ ਦਵਾਈ ਲੈ ਲਓ। ਜੇ ਤੁਹਾਡੀ ਤੈਅ ਕੀਤੀ ਖ਼ੁਰਾਕ ਦੇ ਸਮੇਂ ਤੋਂ 4 ਘੰਟੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਤਾਂ ਖੁੰਝੀ ਹੋਈ ਖ਼ੁਰਾਕ ਨਾ ਲਓ ਅਤੇ ਆਪਣੀ ਦਵਾਈ ਦੇ ਬਾਕਾਇਦਾ ਤੈਅ ਸਮਿਆਂ ਮੁਤਾਬਕ ਅਗਲੀਆਂ ਖ਼ੁਰਾਕਾਂ ਲੈਣੀਆਂ ਜਾਰੀ ਰੱਖੋ। ਆਪਣੀ ਅਗਲੀ ਖ਼ੁਰਾਕ ਨੂੰ ਦੁੱਗਣੀ ਨਾ ਕਰੋ। ਜੇਕਰ ਤੁਸੀਂ guanfacine ਦੀਆਂ 2 ਤੋਂ ਵੱਧ ਖ਼ੁਰਾਕਾਂ ਖੁੰਝਾ ਦਿੰਦੇ ਹੋ ਤਾਂ ਆਪਣੇ ਡਾਕਟਰ ਨਾਲ ਸੰਪਰਕ ਕਰੋ। ਦਵਾਈ ਦੁਬਾਰਾ ਸ਼ੁਰੂ ਕਰਨ ਲਈ ਇਸ ਦੀ ਸਭ ਤੋਂ ਘੱਟ ਤਾਕਤ ਵਾਲੀ ਉਪਲਬਧ ਖ਼ੁਰਾਕ ਨੂੰ ਲੈਣ ਅਤੇ ਖ਼ੁਰਾਕ ਵਿੱਚ ਹੌਲੀ-ਹੌਲੀ ਵਾਧਾ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।



## Guanfacine ਨੂੰ ਸੰਭਾਲ ਕੇ ਰੱਖਣ ਲਈ ਕਿਸ ਤਰ੍ਹਾਂ ਦੇ ਹਾਲਾਤ ਦੀ ਲੋੜ ਹੁੰਦੀ ਹੈ?

- ਇਸ ਦਵਾਈ ਨੂੰ ਇਸ ਦੀ ਅਸਲੀ ਡੱਬੀ ਵਿੱਚ, ਕਮਰੇ ਦੇ ਤਾਪਮਾਨ `ਤੇ ਨਮੀ ਅਤੇ ਤਪਸ਼ ਤੋਂ ਦੂਰ ਰੱਖੋ (ਉਦਾਹਰਣ ਵਜੋਂ, ਇਸ ਨੂੰ ਬਾਥਰੂਮ ਜਾਂ ਰਸੋਈ ਵਿੱਚ ਨਾ ਰੱਖੋ) ਅਤੇ ਰੋਸ਼ਨੀ ਤੋਂ ਬਚਾਓ।
- ਇਹ ਦਵਾਈ ਬੱਚਿਆਂ ਦੀ ਪਹੁੰਚ ਅਤੇ ਨਜ਼ਰ ਤੋਂ ਪਰ੍ਹੇ ਰੱਖੋ।

ਇਲਾਜ ਸੰਬੰਧੀ ਆਪਣੀਆਂ ਚੋਣਾਂ ਬਾਰੇ ਸਮਝਣ ਵਿੱਚ ਆਪਣੇ ਪਰਿਵਾਰ ਦੀ ਮਦਦ ਲਈ ਤੁਸੀਂ ਇਹ ਜਾਣਕਾਰੀ ਆਪਣੇ ਪਰਿਵਾਰ ਨਾਲ ਸਾਂਝੀ ਕਰਨ ਦੇ ਇੱਛੁਕ ਹੋ ਸਕਦੇ ਹੋ। ਕਿਉਂਕਿ ਹਰ ਵਿਅਕਤੀ ਦੀਆਂ ਜ਼ਰੂਰਤਾਂ ਵਖਰੀਆਂ ਹੁੰਦੀਆਂ ਹਨ, ਇਸ ਲਈ ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਡਾਕਟਰ, ਨਰਸ ਅਤੇ/ ਜਾਂ ਫ਼ਾਰਮਾਸਿਸਟ ਵੱਲੋਂ ਮਿਲੀ ਸਲਾਹ ਦੀ ਪਾਲਣਾ ਕਰੋ ਅਤੇ ਇਸ ਦਵਾਈ ਬਾਰੇ ਜੇ ਤੁਹਾਡੇ ਕੋਈ ਸਵਾਲ ਹੋਣ ਤਾਂ ਉਨ੍ਹਾਂ ਨਾਲ ਗੱਲਬਾਤ ਕਰੋ।

*"ਚਾਈਲਡ ਐਂਡ ਅਡੋਲੇਸੈਂਟ ਮੈਂਟਲ ਹੈਲਥ ਪ੍ਰੋਗਰਾਮ" ਦੇ ਸਿਹਤ ਸੰਭਾਲ ਪੇਸ਼ੇਵਰਾਂ ਵੱਲੋਂ ਤਿਆਰ ਕੀਤਾ ਗਿਆ ਅਤੇ "ਕੈਲਟੀ ਮੈਂਟਲ ਹੈਲਥ ਰੀਸੋਰਸ ਸੈਂਟਰ" ਦੇ ਸਟਾਫ਼ ਵੱਲੋਂ ਇਸ ਦੀ ਸਮੀਖਿਆ ਕੀਤੀ ਗਈ।*


©Feb 2016
Child & Adolescent Mental Health Programs,
BC Mental Health & Substance Use Services, 4500 Oak Street, Vancouver, B.C., Canada V6H 3N1